# ਅਪੰਗਤਾ ਵਾਲੇ ਲੋਕਾਂ ਦੀ ਭਵਿੱਖ ਵਾਸਤੇ ਬਚਤ ਕਰਨ ਵਿਚ ਮਦਦ ਕਰਨਾ

02 ਜੂਨ, 2022 ਮੀਡੀਆ ਪੁੱਛਗਿੱਛ

## ਅਪੰਗਤਾ ਵਾਲੇ ਅਲਬਰਟਾ ਵਾਸੀਆਂ ਲਈ ਰਜਿਸਟਰਡ ਡਿਸਅਬਿਲਿਟੀ ਸੇਵਿੰਗਜ਼ ਪਲੈਨ (ਆਰਡੀਐਸਪੀ) ਖੋਲ੍ਹਣਾ ਅਲਬਰਟਾ ਦੀ ਸਰਕਾਰ ਸੁਖਾਲਾ ਬਣਾ ਰਹੀ ਹੈ।

ਪਲੈਟਫਾਰਮ ਵਿਚ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਸੂਬਾਈ ਸਰਕਾਰ ਕੰਮ ਕਰ ਰਹੀ ਹੈ ਅਤੇ ਇਸ ਵਾਸਤੇ ਅਗਲੇ ਦੋ ਸਾਲਾਂ ਲਈ ਸਲਾਨਾ $500,000 ਦਾ ਨਿਵੇਸ਼ ਕਰੇਗੀ ਤਾਂ ਕਿ ਅਪੰਗਤਾ ਵਾਲੇ ਅਲਬਰਟਾ ਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਰ ਡੀ ਐਸ ਪੀ ਖੋਲ੍ਹਣ ਵਿਚ ਮਦਦ ਕੀਤੀ ਜਾ ਸਕੇ। ਆਰ ਡੀ ਐਸ ਪੀ ਅਪੰਗਤਾ ਵਾਲੇ ਲੋਕਾਂ ਲਈ ਇਕ ਲੰਬੀ-ਮਿਆਦ ਦੀ ਬਚਤ ਯੋਜਨਾ ਹੈ, ਜਿਸ ਨਾਲ ਕਿਸੇ ਵਿਅਕਤੀ ਨੂੰ ਆਪਣੇ ਜੀਵਨ ਵਿਚ ਫੈਡਰਲ ਗਰਾਂਟਾਂ ਅਤੇ ਬੌਂਡਜ਼ ਰਾਹੀਂ $90,000 ਮਿਲਦਾ ਹੈ।

ਇਸ ਨਿਵੇਸ਼ ਨਾਲ ਅਲਬਰਟਾ ਸਰਕਾਰ ਦੇ ਚਾਰ ਫੈਮਿਲੀ ਸੈਂਟਰਾਂ ਨੂੰ ਗਰਾਂਟ ਮਿਲੀ ਤਾਂ ਜੋ ਉਹ ਅਲਬਰਟਾ ਦੇ ਲੋਕਾਂ ਦੀ ਆਰ ਡੀ ਐਸ ਪੀ ਅਰਜ਼ੀ ਪ੍ਰਕਿਰਿਆ ਵਿਚ ਮਦਦ ਕਰ ਸਕਣ। ਆਰ ਡੀ ਐਸ ਪੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਦੇ ਭਾਈਚਾਰਿਆਂ ਅੰਦਰ ਸਰੋਤ-ਸਮਰਥਾ ਪੈਦਾ ਕਰਨ ਵਾਸਤੇ ਅਲਬਰਟਾ ਅਬਿਲਟੀ ਨੈਟਵਰਕ, ਅਲਬਰਟਾ ਐਸੋਸੀਏਸ਼ਨ ਔਫ ਇਮੀਗਰੰਟ ਸਰਵਿੰਗ ਏਜੰਸੀਜ਼ ਅਤੇ ਅਲਬਰਟਾ ਨੇਟਿਵ ਫਰੈਂਡਸ਼ਿਪ ਸੈਂਟਰਾਂ ਨੂੰ ਗਰਾਂਟ ਮਿਲੀ। ਇਸ ਦਾ ਟੀਚਾ ਗੁੰਝਲਦਾਰ ਆਰ ਡੀ ਐਸ ਪੀ ਅਰਜ਼ੀ ਪ੍ਰਕਿਰਿਆ ਪੂਰਾ ਕਰਨ ਲਈ ਜਿੰਨਾ ਵੱਧ ਤੋਂ ਵੱਧ ਹੋ ਸਕੇ, ਅਪੰਗਤਾ ਵਾਲੇ ਅਲਬਰਟਾ ਵਾਸੀਆਂ ਦੀ ਮਦਦ ਕਰਨਾ ਹੈ।

ਆਰ ਡੀ ਐਸ ਪੀ ਫੈਡਰਲ ਡਿਸਅਬਿਲਟੀ ਟੈਕਸ ਕ੍ਰੈਡਿਟ ਦਾ ਇਕ ਪਹਿਲੂ ਹੈ ਅਤੇ ਇਸ ਦੀ ਵਰਤੋਂ ਅਪੰਗਤਾ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਲੰਬੀ-ਮਿਆਦ ਦੀ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਜਾਂ ਅਪੰਗਤਾ ਵਾਲੇ ਬਾਲਗਾਂ ਨੂੰ ਭਵਿੱਖ ਵਾਸਤੇ ਬੱਚਤ ਕਰਨ ਵਾਸਤੇ ਕੀਤੀ ਜਾ ਸਕਦੀ ਹੈ।

## ਪਰਿਵਾਰ ਸਰੋਤ ਕੇਂਦਰ

ਪਰਿਵਾਰਕ ਸਰੋਤ ਕੇਂਦਰ ਅਪੰਗਤਾਵਾਂ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਅਲਬਰਟਾ ਵਿੱਚ ਵੰਨ-ਸੁਵੰਨੀ ਅਪੰਗਤਾ ਸਹਾਇਤਾ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਅਤੇ ਉਨ੍ਹਾਂ ਨਾਲ ਨਿਪਟਣ ਵਿਚ ਸਹਾਇਤਾ ਕਰਦੇ ਹਨ। ਇਹ ਪਰਿਵਾਰਾਂ ਦੀ ਉਹਨਾਂ ਦੀਆਂ ਫੈਮਿਲੀ ਸਪੋਰਟ ਫਾਰ ਚਿਲਡਰਨ (FSCD) ਅਤੇ ਪਰਸਨਜ਼ ਵਿਦ ਆਡਿਵੈਲਪਮੈਂਟਲ ਡਿਸਅਬਿਲਿਟੀਜ਼ (PDD) ਸੇਵਾਵਾਂ ਦਾ ਪ੍ਰਬੰਧਨ ਕਰਨ ਮਦਦ ਕਰਨ ਲਈ ਔਜ਼ਾਰ, ਸਰੋਤ ਅਤੇ ਜਾਣਕਾਰੀ ਔਫਰ ਕਰਦੇ ਹਨ।

Classification: Public

## ਮੁੱਖ ਤੱਥ

**ਫੰਡਿੰਗ ਦੀ ਅੰਦਾਜ਼ਨ ਵੰਡ (2021-22)**

- ਪਰਿਵਾਰ ਸਰੋਤ ਕੇਂਦਰ - ਹਰੇਕ ਲਈ $60,000
  - ਅਲਬਰਟਾ ਦੀ ਔਟਿਜ਼ਮ ਸੋਸਾਇਟੀ
  - ਗੇਟਵੇ ਐਸੋਸੀਏਸ਼ਨ
  - ਇਨਕਲੂਜ਼ਨ ਅਲਬਰਟਾ
  - ਸਟੈੱਪਸ(STEPS) ਸੋਸਾਇਟੀ
- ਅਲਬਰਟਾ ਅਬਿਲਿਟੀ ਨੈਟਵਰਕ- $100,000
- ਅਲਬਰਟਾ ਐਸੋਸੀਏਸ਼ਨ ਔਫ ਇਮੀਗਰੰਟ ਸਰਵਿੰਗ ਏਜੰਸੀਜ਼- $80,000
- ਅਲਬਰਟਾ ਨੇਟਿਵ ਫਰੈਂਡਸ਼ਿਪ ਸੈਂਟਰ- $80,000

**ਅਲਬਰਟਾ ਵਿਚ ਪਰਿਵਾਰ ਸਰੋਤ ਕੇਂਦਰ**

- ਅਲਬਰਟਾ ਦੀ ਔਟਿਜ਼ਮ ਸੋਸਾਇਟੀ
  - ਕੈਲਗਰੀ
  - ਫੋਰਟ ਮੈਕਮਰੀ
  - ਲੈਥਬ੍ਰਿਜ
  - ਕਰੋਜ਼ਨੈਸਟ ਪਾਸ
  - ਸੇਂਟ ਪੌਲ
  - ਚਿਨੂਕ, ਮੈਡੀਸਨ ਹੈਟ
- ਗੇਟਵੇ ਐਸੋਸੀਏਸ਼ਨ:
  - ਐਡਮੰਟਨ
- ਇਨਕਲੂਜ਼ਨ ਅਲਬਰਟਾ:
  - ਗਰੈਂਡ ਪ੍ਰੇਰੀ
  - ਡੈਰਲ ਕੁੱਕ ਫੈਮਿਲੀ ਮੈਨੇਜਡ ਸਪੋਰਟਸ ਰਿਸੋਰਸ ਸੈਂਟਰ (ਕੈਲਗਰੀ)
- ਸਟੈੱਪਸ(STEPS) ਸੋਸਾਇਟੀ:
  - ਰੈੱਡ ਡੀਅਰ

# ਸੰਬੰਧਿਤ ਜਾਣਕਾਰੀ

- ਪਰਿਵਾਰ ਸਰੋਤ ਕੇਂਦਰ
- ਅਲਬਰਟਾ ਦੀ ਰਿਕਵਰੀ ਯੋਜਨਾ